Reach Society Programs Summary

***Under 3***

## *3 ਸਾਲ ਤੋਂ ਹੇਠਾਂ*

ਇਨਫੈਂਟ ਡਿਵੈਲਪਮੈਂਟ ਪ੍ਰੋਗਰਾਮ - ਜਨਮ ਤੋਂ 3 ਸਾਲ ਦੀ ਉਮਰ ਦੇ ਅਜਿਹੇ ਬਾਲਾਂ ਲਈ, ਜਿਹੜੇ ਵਿਕਾਸ ਵਿਚ ਖਤਰੇ ਜਾਂ ਦੇਰੀ ਦਾ ਸਾਹਮਣਾ ਕਰ ਰਹੇ ਹਨ, ਸਲਾਹਕਾਰ ਉਹਨਾਂ ਦੇ ਘਰ ਜਾਂਦੇ ਹਨ। ਸਲਾਹਕਾਰ ਸਰੀਰਕ, ਸੰਬੰਧ ਬਣਾਉਣ ਅਤੇ ਗਿਆਨ ਸੰਬੰਧੀ ਪ੍ਰੋਗਰਾਮ ਤਿਆਰ ਕਰਦੇ ਹਨ।

ਥੈਰੇਪੀ - ਸਪੀਚ ਐਂਡ ਲੈਂਗੁਏਜ ਥੈਰਾਪਿਸਟ (ਬੋਲ-ਚਾਲ ਅਤੇ ਭਾਸ਼ਾ ਥੈਰਾਪਸਿਟ), ਅਕੂਪੇਸ਼ਨਲ ਥੈਰਾਪਿਸਟ ਅਤੇ ਫਿਜ਼ੀਓਥੈਰਾਪਿਸਟ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਇਕ ਟੀਮ ਵਜੋਂ ਕੰਮ ਕਰਦੇ ਹੋਏ ਮੁਲਾਂਕਣ ਕਰਦੇ, ਵਿਅਕਤੀਗਤ ਪ੍ਰੋਗਰਾਮ ਤਿਆਰ ਕਰਦੇ ਤੇ ਬੱਚਿਆਂ ਦਾ ਵਿਵਹਾਰ ਬਦਲਣ ਦੀ ਕੋਸ਼ਿਸ਼ ਕਰਦੇ ਹਨ।

(Speech Language therapy – help with communication development)

ਸਪੀਚ ਲੈਂਗੁਏਜ ਥੈਰੇਪੀ- ਗੱਲਬਾਤ ਕਰਨ ਦੇ ਵਿਕਾਸ ਵਿਚ ਮਦਦ

(Physiotherapy – help with movement, strength, balance, coordination and endurance.)

ਫਿਜ਼ੀਓਥੈਰੇਪੀ- ਚੱਲਣ-ਫਿਰਨ, ਤਾਕਤ, ਸੰਤੁਲਨ, ਤਾਲਮੇਲ ਅਤੇ ਸਮਰਥਾ ਵਿਚ ਮਦਦ।

(Occupational therapy – help with eating, swallowing, dressing, toileting, fine motor and leisure activities.)

ਅਕੂਪੇਸ਼ਨਲ ਥੈਰੇਪੀ- ਖਾਣ-ਪੀਣ, ਗਲ਼ੇ ਵਿਚੋਂ ਹੇਠਾਂ ਲੰਘਾਉਣ, ਕੱਪੜੇ ਪਾਉਣ, ਵਾਸ਼ਰੂਮ ਜਾਣ, ਪ੍ਰੇਰਕ ਪੱਠਿਆਂ ਤੇ ਨਾੜੀਆਂ ਦੇ ਕੰਮ-ਕਾਜ ਅਤੇ ਵਿਹਲੇ ਸਮੇਂ ਦੀਆਂ ਸਰਗਰਮੀਆਂ ਵਿਚ ਮਦਦ।

ਐਪਲਾਈਡ ਬੀਹੇਵੀਅਰ ਅਨੈਲੇਸਿਸ ਏ ਬੀ ਏ (ਵਿਹਾਰਕ ਵਤੀਰਾ ਵਿਸ਼ਲੇਸ਼ਣ)- ਔਟਿਜ਼ਮ ਵਾਲੇ ਬੱਚਿਆਂ ਦਾ ਵਿਵਹਾਰ ਬਦਲਣ ਦੀ ਕੋਸ਼ਿਸ਼ ਕਰਨ ਦੇ ਸੈਸ਼ਨ ਲਗਾ ਕੇ ਉਹਨਾਂ ਲਈ ਵਿਦਿਅਕ ਅਤੇ ਕੰਮ-ਕਾਜੀ ਹੁਨਰਾਂ ਦਾ ਵਿਕਾਸ। ਇਲਾਜ ਵਤੀਰਾ ਸਲਾਹਕਾਰਾਂ ਦੀ ਨਿਗਰਾਨੀ ਹੇਠ ਕੀਤਾ ਜਾਂਦਾ ਹੈ।

*Under 6*

**6 ਸਾਲ ਤੋਂ ਹੇਠਾਂ**

ਪ੍ਰੀਸਕੂਲ ਨੌਰਥ - ਨੌਰਥ ਡੈਲਟਾ ਰੀਕਰੀਏਸ਼ਨ ਸੈਂਟਰ ਵਿਖੇ ਸਥਿੱਤ ਹੈ ਜਿਹੜਾ ਸਾਧਾਰਨ ਵਿਕਾਸ ਕਰ ਰਹੇ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੋਹਾਂ ਨੂੰ ਇਕੱਠੇ ਖਿਡਾ ਕੇ ਅਤੇ ਸਿਖਾ ਕੇ ਉਹਨਾਂ ਦੀ ਮਦਦ ਕਰਦਾ ਹੈ।

ਪ੍ਰੀਸਕੂਲ ਸਾਊਥ- ਰੀਚ ਲੈਡਨਰ ਚਾਈਲਡ ਡਿਵੈਲਪਮੈਂਟ ਸੈਂਟਰ ਵਿਖੇ ਸਥਿੱਤ ਹੈ ਜਿਹੜਾ ਸਾਧਾਰਨ ਵਿਕਾਸ ਕਰ ਰਹੇ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੋਹਾਂ ਨੂੰ ਇਕੱਠੇ ਖਿਡਾ ਕੇ ਅਤੇ ਪੜ੍ਹਾ ਕੇ ਉਹਨਾਂ ਦੀ ਮਦਦ ਕਰਦਾ ਹੈ।

ਥੈਰੇਪੀ - ਸਪੀਚ ਐਂਡ ਲੈਂਗੁਏਜ ਥੈਰਾਪਿਸਟ (ਬੋਲ-ਚਾਲ ਅਤੇ ਭਾਸ਼ਾ ਥੈਰਾਪਸਿਟ), ਅਕੂਪੇਸ਼ਨਲ ਥੈਰਾਪਿਸਟ ਅਤੇ ਫਿਜ਼ੀਓਥੈਰਾਪਿਸਟ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਇਕ ਟੀਮ ਵਜੋਂ ਕੰਮ ਕਰਦੇ ਹੋਏ ਮੁਲਾਂਕਣ ਕਰਦੇ, ਵਿਅਕਤੀਗਤ ਪ੍ਰੋਗਰਾਮ ਤਿਆਰ ਕਰਦੇ ਤੇ ਬੱਚਿਆਂ ਦਾ ਵਿਵਹਾਰ ਬਦਲਣ ਦੀ ਕੋਸ਼ਿਸ਼ ਕਰਦੇ ਹਨ।

ਐਪਲਾਈਡ ਬੀਹੇਵੀਅਰ ਅਨੈਲੇਸਿਸ ਏ ਬੀ ਏ (ਵਿਹਾਰਕ ਵਤੀਰਾ ਵਿਸ਼ਲੇਸ਼ਣ)- ਔਟਿਜ਼ਮ ਵਾਲੇ ਬੱਚਿਆਂ ਨਾਲ ਇਕੱਲੇ ਇਕੱਲੇ ਉਹਨਾਂ ਦਾ ਵਿਵਹਾਰ ਬਦਲਣ ਦੀ ਕੋਸ਼ਿਸ਼ ਕਰਨ ਦੇ ਸੈਸ਼ਨ ਲਗਾ ਕੇ ਉਹਨਾਂ ਲਈ ਵਿਦਿਅਕ ਅਤੇ ਕੰਮ-ਕਾਜੀ ਹੁਨਰਾਂ ਦਾ ਵਿਕਾਸ।ਇਲਾਜ ਵਤੀਰਾ ਸਲਾਹਕਾਰਾਂ ਦੀ ਨਿਗਰਾਨੀ ਹੇਠ ਕੀਤਾ ਜਾਂਦਾ ਹੈ।

ਸਪੋਰਟਡ ਚਾਈਲਡ ਡਿਵੈਲਪਮੈਂਟ (ਸਹਾਇਤਾ ਨਾਲ ਬਾਲ ਵਿਕਾਸ) - ਸਰੀਰਕ, ਗਿਆਨ, ਬੋਲ-ਚਾਲ ਜਾਂ ਸਮਾਜਕ/ਭਾਵਨਾਤਮਕ/ਵਤੀਰੇ ਸੰਬੰਧੀ ਵਿਕਾਸ ਵਿਚ ਦੇਰੀ ਦਾ ਸਾਹਮਣਾ ਕਰ ਰਹੇ ਬੱਚਿਆਂ ਲਈ ਪ੍ਰੋਗਰਾਮ ਜਿਹਨਾਂ ਨੂੰ ਚਾਈਲਡਕੇਅਰ ਜਾਂ ਪ੍ਰੀਸਕੂਲ ਵਿਚ ਵਾਧੂ ਸਹਾਇਤਾ ਸ਼ਾਮਲ ਕਰਨ ਦੀ ਲੋੜ ਹੈ।

ਐਬੋਰਿਜਨਲ ਸਪੋਰਟਡ ਚਾਈਲਡ ਡਿਵੈਲਪਮੈਂਟ (ਐਬੋਰਿਜਨਲ ਸਹਾਇਤਾ ਨਾਲ ਬਾਲ ਵਿਕਾਸ) - ਸਰੀਰਕ, ਗਿਆਨ, ਬੋਲ-ਚਾਲ ਜਾਂ ਸਮਾਜਕ/ਭਾਵਨਾਤਮਕ/ਵਤੀਰੇ ਸੰਬੰਧੀ ਵਿਕਾਸ ਵਿਚ ਦੇਰੀ ਦਾ ਸਾਹਮਣਾ ਕਰ ਰਹੇ ਐਬੋਰਿਜਨਲ ਬੱਚਿਆਂ ਲਈ ਪ੍ਰੋਗਰਾਮ ਜਿਹਨਾਂ ਨੂੰ ਚਾਈਲਡਕੇਅਰ ਜਾਂ ਪ੍ਰੀਸਕੂਲ ਵਿਚ ਵਾਧੂ ਸਹਾਇਤਾ ਸ਼ਾਮਲ ਕਰਨ ਦੀ ਲੋੜ ਹੈ।

ਕੌਂਸਲਿੰਗ - ਵਿਕਾਸ ਵਿਚ ਦੇਰੀ ਅਤੇ ਅਪਾਹਜਤਾ ਵਾਲੇ ਬੱਚਿਆਂ ਅਤੇ ਮਾਨਸਿਕ ਸਿਹਤ ਚੁਣੌਤੀਆਂ ਵਿਚੋਂ ਗੁਜ਼ਰ ਰਹੇ ਉਹਨਾਂ ਦੇ ਪਰਿਵਾਰਾਂ ਲਈ ਕਿੱਤਾਕਾਰੀ ਵਿਅਕਤੀਗਤ ਕੌਂਸਲਿੰਗ।

ਰਿਸਪਾਈਟ (ਰਾਹਤ) - ਇਕ ਅਜਿਹਾ ਪ੍ਰੋਗਰਾਮ ਜਿਹੜਾ ਵਿਕਾਸ ਸੰਬੰਧੀ ਅਪਾਹਜਤਾ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਆਸਰਾ ਰਾਹਤ ਸੰਭਾਲ-ਕ੍ਰਤਾਵਾਂ ਨਾਲ ਮਿਲਾਉਂਦਾ ਹੈ।

*Over 6*

## 6 ਸਾਲ ਤੋਂ ਉੱਪਰ

ਚੁਆਇਸਜ਼ - ਇਕੱਲੇ ਪਰਿਵਾਰਾਂ ਲਈ ਵਤੀਰਾ ਸਹਾਇਤਾ ਪ੍ਰੋਗਰਾਮ ਅਤੇ ਗਰੁੱਪ ਘਰਾਂ ਅਤੇ ਲੋੜਾਂ ਵਾਲੇ ਬੱਚਿਆਂ ਦੀ ਸੇਵਾ ਕਰਨ ਵਾਲੀਆਂ ਹੋਰ ਸੰਸਥਾਵਾਂ ਲਈ ਵਤੀਰਾ ਸਲਾਹ-ਮਸ਼ਵਰਾ। ਸਪੀਚ ਥੈਰਾਪਸਿਟ, ਅਕੂਪੇਸ਼ਨਲ ਥੈਰਾਪਿਸਟ ਅਤੇ ਫਿਜ਼ੀਓਥੈਰਾਪਿਸਟ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਇਕ ਟੀਮ ਵਜੋਂ ਕੰਮ ਕਰਦੇ ਹੋਏ ਮੁਲਾਂਕਣ ਕਰਦੇ, ਵਿਅਕਤੀਗਤ ਪ੍ਰੋਗਰਾਮ ਤਿਆਰ ਕਰਦੇ ਤੇ ਬੱਚਿਆਂ ਦਾ ਵਿਵਹਾਰ ਬਦਲਣ ਦੀ ਕੋਸ਼ਿਸ਼ ਕਰਦੇ ਹਨ।

ਚੁਆਇਸਜ਼ ਗਰੁੱਪਸ - ਔਟਿਜ਼ਮ ਵਾਲੇ ਬੱਚਿਆਂ ਲਈ ਸੋਸ਼ਲ ਸਮਾਰਟ ਗਰੁੱਪ ਅਤੇ ਗੁੰਝਲਦਾਰ ਲੋੜਾਂ ਵਾਲੇ ਬੱਚਿਆਂ ਲਈ ਸਮਰ ਸੀਰੀਜ਼ ਗਰੁੱਪ ਸ਼ਾਮਲ ਹਨ ਜਿਹੜੇ ਉਹਨਾਂ ਦੇ ਸਮਾਜਕ ਹੁਨਰਾਂ ਨੂੰ ਵਧਾਉਂਦੇ ਹਨ।

ਰਿਸਪਾਈਟ (ਰਾਹਤ) - ਇਕ ਅਜਿਹਾ ਪ੍ਰੋਗਰਾਮ ਜਿਹੜਾ ਵਿਕਾਸ ਸੰਬੰਧੀ ਅਪਾਹਜਤਾ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਆਸਰਾ ਰਾਹਤ ਸੰਭਾਲ-ਕ੍ਰਤਾਵਾਂ ਨਾਲ ਮਿਲਾਉਂਦਾ ਹੈ।

ਗਰੁੱਪ ਰਿਸਪਾਈਟ (ਗਰੁੱਪ ਰਾਹਤ) - ਸ਼ਨੀਵਾਰ ਦੇ ਪ੍ਰੋਗਰਾਮ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੇ ਸਮਾਜਕ ਹੁਨਰਾਂ ਨੂੰ ਮਜ਼ਬੂਤ ਕਰਨ ਅਤੇ ਉਹਨਾਂ ਵਿਚਕਾਰ ਦੋਸਤੀ ਬਣਾਉਣ ਲਈ।

ਜੀ ਸੀ ਟੀ ਟੀਨਜ਼ (ਜੀਸੀਟੀ ਨਵਯੁਵਕ) - ਕਿਸੇ ਵੀ ਕਿਸਮ ਦੀ ਵਿਕਾਸਮਈ ਅਪਾਹਜਤਾ ਵਾਲੇ 12-18 ਸਾਲ ਦੇ ਨੌਜਵਾਨ ਲੈਡਨਰ ਰੀਚ ਕਮਿਉਨਿਟੀ ਸੈਂਟਰ ਵਿਖੇ ਅਤੇ ਗੁਆਂਢੀ ਇਲਾਕੇ ਵਿਚ ਇਕੱਠੇ ਮਿਲਕੇ ਗਤੀਵਿਧੀਆਂ ਵਿਚ ਹਿੱਸਾ ਲੈਂਦੇ ਹੋਏ ਤਲਾਸ਼ ਕਰਦੇ ਤੇ ਰੁਝੇਵਿਆਂ ਰਾਹੀਂ ਆਨੰਦ ਲੈਂਦੇ ਹਨ।

ਫੋਰਟਿਸ ਬੀਸੀ ਸਿਬਸ਼ੌਪਸ - 6-8 ਸਾਲ ਦੇ ਬੱਚੇ, ਜਿਹਨਾਂ ਦੇ ਕਿਸੇ ਭਰਾ ਜਾਂ ਭੈਣ ਨੂੰ ਵਿਸ਼ੇਸ਼ ਲੋੜਾਂ ਲਈ ਮਨੋਨੀਤ ਕੀਤਾ ਗਿਆ ਹੈ, ਇਕੱਠੇ ਮਿਲਕੇ ਗਤੀਵਿਧੀਆਂ ਵਿਚ ਹਿੱਸਾ ਲੈਂਦੇ ਹਨ ਅਤੇ ਸਾਂਝੇ ਅਨੁਭਵ ਵਾਲੇ ਹੋਰ ਲੋਕਾਂ ਨਾਲ ਸੰਬੰਧ ਜੋੜਦੇ ਹਨ। ਇਹ ਪਾਜ਼ਿਟਿਵ ਕੁਨੈਕਸ਼ਨਜ਼ ਪ੍ਰੋਗਰਾਮ ਦਾ ਹਿੱਸਾ ਹੈ।

ਕੌਂਸਲਿੰਗ- ਵਿਕਾਸ ਵਿਚ ਦੇਰੀ ਅਤੇ ਅਪਾਹਜਤਾ ਵਾਲੇ ਬੱਚਿਆਂ ਅਤੇ ਮਾਨਸਿਕ ਸਿਹਤ ਚੁਣੌਤੀਆਂ ਵਿਚੋਂ ਗੁਜ਼ਰ ਰਹੇ ਉਹਨਾਂ ਦੇ ਪਰਿਵਾਰਾਂ ਲਈ ਕਿੱਤਾਕਾਰੀ ਵਿਅਕਤੀਗਤ ਕੌਂਸਲਿੰਗ।

ਸਪੋਰਟਡ ਚਾਈਲਡ ਡਿਵੈਲਪਮੈਂਟ (ਸਹਾਇਤਾ ਨਾਲ ਬਾਲ ਵਿਕਾਸ) - ਸਰੀਰਕ, ਗਿਆਨ, ਬੋਲ-ਚਾਲ ਜਾਂ ਸਮਾਜਕ/ਭਾਵਨਾਤਮਕ/ਵਤੀਰੇ ਸੰਬੰਧੀ ਵਿਕਾਸ ਵਿਚ ਦੇਰੀ ਦਾ ਸਾਹਮਣਾ ਕਰ ਰਹੇ ਬੱਚਿਆਂ ਲਈ ਪ੍ਰੋਗਰਾਮ ਜਿਹਨਾਂ ਨੂੰ ਚਾਈਲਡਕੇਅਰ ਜਾਂ ਪ੍ਰੀਸਕੂਲ ਵਿਚ ਵਾਧੂ ਸਹਾਇਤਾ ਸ਼ਾਮਲ ਕਰਨ ਦੀ ਲੋੜ ਹੈ।

ਐਬੋਰਿਜਨਲ ਸਪੋਰਟਡ ਚਾਈਲਡ ਡਿਵੈਲਪਮੈਂਟ (ਐਬੋਰਿਜਨਲ ਸਹਾਇਤਾ ਨਾਲ ਬਾਲ ਵਿਕਾਸ) - ਸਰੀਰਕ, ਗਿਆਨ, ਬੋਲ-ਚਾਲ ਜਾਂ ਸਮਾਜਕ/ਭਾਵਨਾਤਮਕ/ਵਤੀਰੇ ਸੰਬੰਧੀ ਵਿਕਾਸ ਵਿਚ ਦੇਰੀ ਦਾ ਸਾਹਮਣਾ ਕਰ ਰਹੇ ਐਬੋਰਿਜਨਲ ਬੱਚਿਆਂ ਲਈ ਪ੍ਰੋਗਰਾਮ ਜਿਹਨਾਂ ਨੂੰ ਚਾਈਲਡਕੇਅਰ ਜਾਂ ਪ੍ਰੀਸਕੂਲ ਵਿਚ ਵਾਧੂ ਸਹਾਇਤਾ ਸ਼ਾਮਲ ਕਰਨ ਦੀ ਲੋੜ ਹੈ।

***Guardian/Parent***

**ਗਾਰਡੀਅਨ/ਮਾਪਾ**

ਡੈਲਟਾ ਕੁਨੈਕਸ -ਐਫ ਏ ਐਸ ਡੀ ਵਰਗੀਆਂ ਗੁੰਝਲਦਾਰ ਲੋੜਾਂ ਵਾਲੇ ਬੱਚਿਆਂ ਦੇ ਪਰਿਵਾਰਾਂ ਲਈ ਬਹੁ-ਪੱਧਰੀ ਸਹਾਇਤਾ ਜਿਹਨਾਂ ਨੂੰ ਵਤੀਰੇ ਸੰਬਧੀ ਵੱਡੀਆਂ ਚੁਣੌਤੀਆਂ ਹਨ।

ਹਾਂ-ਪੱਖੀ ਵਤੀਰਾ ਮਦਦ - ਵਤੀਰਾ ਸਲਾਹਕਾਰ ਪਰਿਵਾਰਾਂ ਅਤੇ ਉਹਨਾਂ ਦੀ ਦੇਖ-ਭਾਲ ਟੀਮ ਨਾਲ ਮਿਲਕੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਇਕ ਹਾਂ-ਪੱਖੀ ਵਤੀਰਾ ਸਹਾਇਤਾ ਯੋਜਨਾ ਤਿਆਰ ਕਰਦੇ ਹਨ।

ਪਾਜ਼ਿਟਿਵ ਕੁਨੈਕਸ਼ਨਜ਼ - ਸੰਘਰਸ਼ ਵਿਚੋਂ ਲੰਘ ਰਹੇ ਪਰਿਵਾਰਾਂ ਲਈ ਭਾਈਚਾਰੇ ਵਿਚ ਉਸਾਰੂ ਸੰਬੰਧ ਅਤੇ ਮਦਦ ਪ੍ਰਦਾਨ ਕਰਦੇ ਹਨ। ਉਸਾਰੂ ਵਤੀਰੇ 'ਤੇ ਅਧਾਰਿਤ ਪਰਿਵਾਰ ਦੀ ਜੀਵਨ ਕੁਆਲਿਟੀ ਸੁਧਾਰਨ ਵਿਚ ਮਦਦ ਲਈ ਇਕ ਥੋੜ੍ਹੇ ਸਮੇਂ ਦੀ ਤੀਬਰ ਸੇਵਾ।ਸਹਾਇਤਾ ਵਿਚ ਸ਼ਾਮਲ ਹਨ ਮਾਪਿਆਂ ਲਈ ਵਿਦਿਅਕ ਕਲਾਸਾਂ, ਘਰ-ਅੰਦਰ ਵਤੀਰੇ ਬਾਰੇ ਸਲਾਹ-ਮਸ਼ਵਰਾ ਅਤੇ ਇਕ ਭਰਾ-ਭੈਣ ਸਹਾਇਤਾ ਗਰੁੱਪ।

ਫੈਮਿਲੀ ਕੁਨੈਕਸ਼ਨਜ਼ - ਮਾਪਿਆਂ ਲਈ ਸਰੋਤ ਜਿਹਨਾਂ ਵਿਚ ਸ਼ਾਮਲ ਹਨ ਸਾਊਥ ਡੈਲਟਾ ਪੇਰੈਂਟ ਸਪੋਰਟ ਗਰੁੱਪ, ਡੈਲਟਾ ਡਾਊਨ ਸਿਨਡਰੋਮ ਗਰੁੱਪ, ਨਿਊ ਔਟਿਜ਼ਮ ਡਾਇਗਨੋਸਿਸ ਅਤੇ ਪੰਜਾਬੀ ਪੇਰੈਂਟ ਸਪੋਰਟ ਗਰੁੱਪ।

ਪੰਜਾਬੀ ਪੇਰੈਂਟ ਸਪੋਰਟ ਗਰੁੱਪ - ਇਕ ਸੁਰੱਖਿਅਤ ਮਾਹੌਲ ਵਿਚ ਗੱਲਬਾਤ ਕਰਕੇ ਇਕ ਦੂਜੇ ਦੀ ਸਹਾਇਤਾ ਅਤੇ ਮਦਦ ਕਰੋ, ਆਪਣੀਆਂ ਚਿੰਤਾਵਾਂ, ਖੁਸ਼ੀਆਂ ਅਤੇ ਤਜ਼ਰਬੇ ਸਾਂਝੇ ਕਰੋ, ਕਮਿਊਨਿਟੀ ਵਿਚ ਬੱਚਿਆਂ ਲਈ ਸਹੂਲਤਾਂ ਅਤੇ ਸਰਕਾਰੀ ਫੰਡਿੰਗ ਬਾਰੇ ਪਤਾ ਕਰੋ।

ਡੈਲਟਾ ਡਾਊਨ ਸਿਨਡਰੋਮ ਪੇਰੈਂਟ ਸਪੋਰਟ ਗਰੁੱਪ - ਡੈਲਟਾ ਵਿਚ ਡਾਊਨ ਸਿਨਡਰੋਮ ਵਾਲੇ ਬੱਚਿਆਂ ਦੇ ਪਰਿਵਾਰਾਂ ਲਈ ਵਿਚਾਰ-ਵਟਾਂਦਰੇ ਅਤੇ ਸਰੋਤ।

ਨਿਊ ਔਟਿਜ਼ਮ ਡਾਇਗਨੋਸਿਸ- ਅਜਿਹਾ ਪ੍ਰੋਗਰਾਮ ਜਿਹੜਾ ਉਹਨਾਂ ਪਰਿਵਾਰਾਂ ਨੂੰ ਸਮਝਾਉਣ ਵਿਚ ਮਦਦ ਕਰਦਾ ਹੈ ਜਿਹਨਾਂ ਦੇ ਬੱਚੇ ਨੂੰ ਹਾਲ ਹੀ ਵਿਚ ਔਟਿਜ਼ਮ ਦੀ ਪਛਾਣ ਹੋਈ ਹੈ।

ਸਾਊਥ ਡੈਲਟਾ ਪੇਰੈਂਟ ਸਪੋਰਟ ਗਰੁੱਪ – ਏ ਡੀ ਐਚ ਡੀ ਜਾਂ ਹੋਰ ਗੁੰਝਲਦਾਰ ਵਤੀਰਿਆਂ ਵਾਲੇ ਬੱਚਿਆਂ ਦੇ ਮਾਪਿਆਂ ਲਈ ਜਾਣਕਾਰੀ ਲੈਣ ਅਤੇ ਸੰਬੰਧ ਬਣਾਉਣ ਦਾ ਪ੍ਰੋਗਰਾਮ।

ਕੌਂਸਲਿੰਗ- ਵਿਕਾਸ ਵਿਚ ਦੇਰੀ ਅਤੇ ਅਪਾਹਜਤਾ ਵਾਲੇ ਬੱਚਿਆਂ ਅਤੇ ਮਾਨਸਿਕ ਸਿਹਤ ਚੁਣੌਤੀਆਂ ਵਿਚੋਂ ਗੁਜ਼ਰ ਰਹੇ ਉਹਨਾਂ ਦੇ ਪਰਿਵਾਰਾਂ ਲਈ ਕਿੱਤਾਕਾਰੀ ਵਿਅਕਤੀਗਤ ਕੌਂਸਲਿੰਗ।